# ਮਾਨਯੋਗ ਸਕੱਤਰ ਸਕੂਲ ਸਿੱਖਿਆ ਜੀ ਵੱਲੋਂ ਮਿਤੀ 13.09.2017 ਨੂੰ ਸਕੂਲ ਮੁੱਖੀਆਂ ਨੂੰ ਐਜੁਸੈਟ ਰਾਹੀਂ ਸੰਬੋਧਨ

## <u>ਸਵੇਰ ਦੀ ਸਭਾ ਸਬੰਧੀ</u>

- ਸਵੇਰ ਦੀ ਸਭਾ ਨੂੰ ਪ੍ਰਭਾਵਸ਼ਾਲੀ ਬਣਾਇਆ ਜਾਵੇ।
- ਸਕੂਲ ਮੁੱਖੀ ਵੱਲੋਂ ਹਫ਼ਤੇ ਦੇ ਪਹਿਲੇ ਦੋ ਦਿਨ ਖੁਦ, ਅਗਲੇ ਦੋ ਦਿਨ ਸਕੂਲ ਅਧਿਆਪਕ ਅਤੇ ਅਖੀਰਲੇ ਦੋ ਦਿਨ ਵਿਦਿਆਰਥੀ ਸਵੇਰ ਦੀ ਸਭਾ ਨੂੰ ਸੰਬੋਧਨ ਕਰਨਗੇ।
- ਨੈਤਿਕ ਸਿੱਖਿਆ ਅਧਾਰਿਤ ਗਤੀਵਿਧੀਆਂ (ਜਿਵੇਂ ਭਾਸ਼ਣ, ਕਹਾਣੀ, ਕਵਿਤਾ ਆਦਿ) ਕਰਵਾਈਆਂ ਜਾਣ।

- ਵੱਖ-ਵੱਖ ਦਿਵਸਾਂ ਅਤੇ ਹੋਰ ਮਹੱਤਤਾ ਵਾਲੇ ਵਿਸ਼ਿਆਂ ਦੀ ਚੋਣ ਕਰਕੇ ਵਿਦਿਆਰਥੀਆਂ ਨੂੰ ਸਵੇਰ ਦੀ ਸਭਾ ਵਿੱਚ ਦੱਸਿਆ ਜਾਵੇ।
- ਭਾਰਤ ਸਰਕਾਰ/ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ ਵੱਲੋ ਜਾਰੀ ਕੀਤੇ ਪੱਤਰਾਂ ਨਾਲ ਸਬੰਧਤ ਗਤੀਵਿਧੀਆਂ ਬਾਲ ਸਭਾ ਵਿੱਚ ਕਰਵਾਉਣ ਬਾਰੇ।
- ਅਧਿਆਪਕਾਂ ਦਾ ਸਮੇਂ ਸਿਰ ਸਕੂਲ ਪਹੁੰਚਣਾ ਯਕੀਨੀ ਬਣਾਇਆ ਜਾਵੇ ਅਤੇ ਲੇਟ ਪਹੁੰਚਣ ਵਾਲੇ ਅਧਿਆਪਕ ਵਿਰੁੱਧ ਸਖਤੀ ਨਾਲ ਪੇਸ਼ ਆਇਆ ਜਾਵੇ।

## ਗੈਰ ਹਾਜ਼ਰ ਵਿਦਿਆਰਥੀਆਂ ਸਬੰਧੀ

- ਸਕੂਲ ਵਿੱਚ ਵਿਦਿਆਰਥੀਆਂ ਦੀ 100% ਹਾਜ਼ਰੀ ਯਕੀਨੀ ਬਣਾਈ ਜਾਵੇ।
- ਗੈਰ ਹਾਜ਼ਰ ਵਿਦਿਆਰਥੀਆਂ ਦੇ ਮਾਪਿਆਂ ਨੂੰ ਫੋਨ ਕਰਕੇ ਰਾਬਤਾ ਕਾਇਮ ਕਰਕੇ ਗੈਰ ਹਾਜ਼ਰੀ ਦਾ ਕਾਰਣ ਪੁੱਛਿਆ ਜਾਵੇ।
- ਟਾਈਮ ਟੇਬਲ ਦੀ ਨਾਰਮਜ਼ ਅਨੁਸਾਰ ਪੀਰੀਅਡ ਦੀ ਵੰਡ ਕੀਤੀ ਜਾਵੇ ਅਤੇ ਟਾਈਮ ਟੇਬਲ ਦੀ ਪਾਲਣਾ ਯਕੀਨੀ ਬਣਾਈ ਜਾਵੇ।

## ਸਕੂਲ ਮੁਖੀਆਂ ਵੱਲੋ ਜਮਾਤਾਂ ਲੈਣ ਸਬੰਧੀ

- ਸਕੂਲਾਂ ਵਿੱਚ ਪੀਰੀਅਡ ਦੀ ਵੰਡ ਠੀਕ ਢੰਗ ਨਾਲ ਕੀਤੀ ਜਾਵੇ, ਸਬੰਧਤ ਵਿਸ਼ਾ ਅਧਿਆਪਕ ਨੂੰ ਪਹਿਲ ਦੇ ਅਧਾਰ ਤੇ ਉਸੇ ਵਿਸ਼ੇ ਦੇ ਪੀਰੀਅਡ ਦਿੱਤੇ ਜਾਣ, ਜੇਕਰ ਪੀਰੀਅਡ ਵੱਧ ਜਾਂਦੇ ਹਨ ਤਾਂ ਹੀ ਦੂਸਰੇ ਅਧਿਆਪਕ ਨੂੰ ਅਜਿਹੇ ਪੀਰੀਅਡ ਦਿੱਤੇ ਜਾ ਸਕਦੇ ਹਨ।

## ਰੋਜ਼ਾਨਾਂ ਐਡਜਸਟਮੈਂਟ ਠੀਕ ਤਰੀਕੇ ਨਾਲ ਕਰਨ ਸਬੰਧੀ

- ਜਿਥੋਂ ਤੱਕ ਸੰਭਵ ਹੋਵੇ ਪਹਿਲ ਦੇ ਅਧਾਰ ਤੇ ਐਡਜਸਟਮੈਂਟ ਜਮਾਤ ਨੂੰ ਉਹੀ ਵਿਸ਼ਾ ਪੜ੍ਹਾਉਣ ਵਾਲੇ ਅਧਿਆਪਕ ਦੀ ਹੀ ਕੀਤੀ ਜਾਵੇ।

## ਮਹੀਨਾ-ਵਾਰ ਵੰਡ ਅਨੁਸਾਰ ਸਿਲੇਬਸ ਕਰਵਾਉਣਾ

- ਮਹੀਨਾਵਾਰ ਵੰਡ ਅਨੁਸਾਰ ਸਿਲੇਬਸ ਕਰਵਾਉਣਾ ਯਕੀਨੀ ਬਣਾਇਆ ਜਾਵੇ।

## ਕਾਪੀਆਂ ਦੀ ਚੈਕਿੰਗ

- ਕਾਪੀਆਂ ਦੀ ਚੈਕਿੰਗ ਸੁਚੱਜੇ ਢੰਗ ਨਾਲ ਕੀਤੀ ਜਾਵੇ ਅਤੇ ਗਲਤ ਸ਼ਬਦ ਨੂੰ ਸਹੀ ਕਰਕੇ ਕਾਪੀ ਵਿੱਚ ਦਰਜ ਕੀਤਾ ਜਾਵੇ, ਤਾਂ ਜੋ ਵਿਦਿਆਰਥੀ ਆਪਣੀ ਗਲਤੀਆਂ ਨੂੰ ਸੁਧਾਰ ਸਕਣ।

## ਪਾਠਕ੍ਰਮ ਅਨੁਸਾਰ ਗਤੀਵਿਧੀਆਂ ਕਰਵਾਉਣਾ

- ਵਿਦਿਆਰਥੀਆਂ ਨੂੰ ਪਾਠਕ੍ਰਮ ਅਨੁਸਾਰ ਪਾਠ ਵਿੱਚ ਦਰਜ ਗਤੀਵਿਧੀਆਂ ਨਾਲ ਜੋੜ ਕੇ ਪੜ੍ਹਾਇਆ ਜਾਵੇ।
- ਪ੍ਰਯੋਗਸ਼ਾਲਾਵਾਂ ਵਿੱਚ ਪੂਰਨ ਯੋਜਨਾਂਬੰਦੀ ਤਹਿਤ ਪ੍ਰੈਕਟੀਕਲ ਕਰਵਾਏ ਜਾਣ, ਪ੍ਰੈਕਟੀਕਲ ਲਈ ਦਿਨ ਮਿਥੇ ਜਾਣ ਅਤੇ ਇਸ ਦੀ ਸੂਚੀ ਪ੍ਰਯੋਗਸ਼ਾਲਾ ਵਿੱਚ ਪ੍ਰਦਰਸ਼ਿਤ ਕੀਤੀ ਜਾਵੇ। ਪ੍ਰਯੋਗਸ਼ਾਲਾ ਵਿੱਚ ਰੱਖੇ ਸਮਾਨ ਦੀ ਸੂਚੀ ਵੀ ਲਗਾਈ ਜਾਵੇ।

## ਸਕੂਲਾਂ ਵਿੱਚ ਪਏ ਵਾਧੂ ਸਮਾਨ ਦੀ ਰੈਸ਼ਨੇਲਾਈਜ਼ੇਸਨ ਸਬੰਧੀ

- ਸਕੂਲਾਂ ਵਿੱਚ ਪਏ ਵਾਧੂ ਸਮਾਨ ਜਿਵੇਂ ਵਿਗਿਆਨ ਵਿਸ਼ੇ ਨਾਲ ਸਬੰਧਤ ਸਮਾਨ (ਜਿਥੋਂ ਸਾਇੰਸ ਗਰੁੱਪ ਸਿਫਟ ਹੋ ਚੁੱਕਿਆ ਹੈ) ਨੂੰ ਸਿਫ਼ਟ ਕਰਨ ਸਬੰਧੀ ਤਜਵੀਜ।
- ਜਿਸ ਸਕੂਲ ਵਿਚੋ ਸਾਇੰਸ ਗਰੁੱਪ ਸਿਫ਼ਟ ਹੋ ਚੁੱਕਾ ਹੈ, ਦੇ ਐਸ.ਐਲ.ਏ ਨੂੰ ਸਿਫ਼ਟ ਕਰਨ ਸਬੰਧੀ।
- ਜਿਸ ਸਕੂਲ ਵਿਚੋ ਵੋਕੇਸ਼ਨਲ ਲੈਕਚਰਾਰ/ਮਾਸਟਰ ਪੱਦ ਉਨਤ ਹੋ ਚੁੱਕੇ ਹਨ, ਦੇ ਸਮਾਨ ਦੀ ਰੈਸ਼ਨੇਲਾਈਜ਼ੇਸ਼ਨ।
- ਕੰਪਿਊਟਰ ਲੈਬਜ਼/ਐਜੂਸੈਟ/ਈ–ਲਾਇਬ੍ਰੇਰੀ ਨੂੰ ਹਮੇਸ਼ਾ ਚਾਲੂ ਹਾਲਤ ਵਿੱਚ ਰੱਖਿਆ ਜਾਵੇ।

## ਵਿਦਿਆਰਥੀਆਂ ਨੂੰ ਲਾਈਬ੍ਰੇਰੀ ਦੀਆਂ ਪੁਸਤਕਾਂ ਜਾਰੀ ਕਰਨ ਸਬੰਧੀ

- ਲਾਇਬ੍ਰੇਰੀ ਦੀਆਂ ਪੁਸਤਕਾਂ ਦੀ ਸੁਚੱਜੀ ਦੇਖਭਾਲ ਕੀਤੀ ਜਾਵੇ ਅਤੇ ਵਿਦਿਆਰਥੀਆਂ ਵਿੱਚ ਪੁਸਤਕਾਂ ਪੜ੍ਹਨ ਪ੍ਰਤੀ ਰੂਚੀ ਪੈਦਾ ਕਰਨ/ਪੜ੍ਹਨ ਪੜ੍ਹਾਉਣ ਦੀ ਪ੍ਰਕਿਰਿਆ ਨਾਲ ਜੋੜਨ ਲਈ ਅਸਲ ਵਿੱਚ ਹਰ ਵਿਦਿਆਰਥੀ ਨੂੰ ਕਿਤਾਬ ਦੇਣਾ ਯਕੀਨੀ ਬਣਾਇਆ ਜਾਵੇ।

## ਸਿਖਿਆਰਥੀਆਂ ਦੀ ਟੀਚਰ ਪ੍ਰੈਕਟਿਸ ਸਬੰਧੀ

- B.Ed/E.T.T.(D.El.Ed) ਦੀ ਟ੍ਰੇਨਿੰਗ ਲਈ ਸਕੂਲਾਂ ਵਿੱਚ ਉਸੇ ਵਿਸ਼ੇ ਦੇ ਸਿਖਿਆਰਥੀ ਨੂੰ ਹੀ ਆਗਿਆ ਦਿੱਤੀ ਜਾਵੇ ਜਿਸ ਵਿਸ਼ੇ ਦੇ ਅਧਿਆਪਕ ਦੀ ਘਾਟ ਹੋਵੇ। ਇਨ੍ਹਾਂ ਸਿਖਿਆਰਥੀਆਂ ਦੇ ਪਾਠ ਕ੍ਰਮ ਦੀ ਯੋਜਨਾ ਜਮਾਤ ਵਿੱਚ ਕਰਵਾਏ ਜਾ ਰਹੇ ਸਲੇਬਸ ਅਨੁਸਾਰ ਹੀ ਹੋਵੇ।
- ਸਿਖਿਆਰਥੀਆਂ ਦੀ ਟ੍ਰੇਨਿੰਗ ਸ਼ੁਰੂ ਹੋਣ ਤੋਂ ਪਹਿਲਾਂ ਅਤੇ ਟ੍ਰੇਨਿੰਗ ਖਤਮ ਹੋਣ ਤੋਂ ਬਾਅਦ ਮੁਲਾਂਕਣ ਕੀਤਾ ਜਾਵੇ ਅਤੇ ਇਸ ਮੁਲਾਂਕਣ ਦੇ ਅਧਾਰ ਤੇ ਹੀ ਟੀਚਿੰਗ ਪ੍ਰੈਕਟਿਸ ਦੇ ਅੰਕ ਦਿੱਤੇ ਜਾਣਗੇ।

## <u>ਪੜ੍ਹੋ ਪੰਜਾਬ ਪੜ੍ਹਾਓ ਪੰਜਾਬ (ਅੱਪਰ ਪ੍ਰਾਇਮਰੀ):</u>

- ਸਟੇਟ ਪੱਧਰ ਤੇ ਬਲਾਕ ਮੈਂਟਰਜ਼ ਦੀ ਅੰਗਰੇਜ਼ੀ/ਸਮਾਜਿਕ ਦੀ ਟ੍ਰੇਨਿੰਗ ਜਲੰਧਰ, ਗਣਿਤ ਦੀ ਟ੍ਰੇਨਿੰਗ ਲੁਧਿਆਣਾ ਅਤੇ ਵਿਗਿਆਨ ਦੀ ਟ੍ਰੇਨਿੰਗ ਫਤਿਹਗੜ੍ਹ ਸਾਹਿਬ ਵਿਖੇ ਮਿਤੀ 11.09.2017 ਤੋਂ 15.09.2017 ਤੱਕ ਕਰਵਾਈ ਜਾ ਰਹੀ ਹੈ।
- ਇਨ੍ਹਾਂ ਬਲਾਕ ਮੈਂਟਰਜ਼ ਦੁਆਰਾ 6ਵੀਂ ਤੋ 8ਵੀਂ ਜਮਾਤ ਦੇ ਉਕਤ ਅੰਕਿਤ ਵਿਸ਼ਿਆਂ ਦੇ ਅਧਿਆਪਕਾਂ ਨੂੰ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਪਾਠਕ੍ਰਮ ਅਧਾਰਿਤ ਗਤੀਵਿਧੀਆਂ ਨਾਲ ਜੋੜ ਕੇ ਪੜਾਉਣ ਦੀ ਟ੍ਰੇਨਿੰਗ ਦਿੱਤੀ ਜਾਵੇਗੀ।

- ਸਾਇੰਸ ਦਾ ਸਮਾਨ ਜਿਸ ਦੀ ਲਿਸਟ ਸਾਇੰਸ ਸੈੱਲ ਵੱਲੋ ਸਕੂਲਾਂ ਨੂੰ ਮੁਹੱਈਆ ਕਰਵਾਈ ਗਈ ਹੈ, ਨਾਲ ਸਬੰਧਤ ਸਮਾਨ ਪਹਿਲ ਦੇ ਅਧਾਰ ਤੇ ਖਰੀਦ ਲਿਆ ਜਾਵੇ।
- ਵਿਗਿਆਨ, ਗਣਿਤ, ਅੰਗਰੇਜ਼ੀ ਅਤੇ ਸਮਾਜਿਕ ਸਿੱਖਿਆ ਵਿਸ਼ਿਆਂ ਵਿੱਚ ਵਿਦਿਆਰਥੀਆਂ ਦਾ ਗਿਆਨ ਜਾਣਨ ਲਈ ਬੇਸ ਲਾਈਨ ਟੈਸਟਿੰਗ ਕਰਵਾਈ ਜਾਵੇਗੀ।
- ਲਰਨਿੰਗ ਬਾਈ ਡੂਇੰਗ ਦੁਆਰਾ ਵਿਦਿਆਰਥੀਆਂ ਦੇ ਵਿਸ਼ੇ ਬਾਰੇ ਗਿਆਨ ਦੇ ਪੱਧਰ ਨੂੰ ਹੋਰ ਉੱਚਾ ਚੁੱਕਣ ਦੇ ਉਪਰਾਲੇ ਕੀਤੇ ਜਾਣ।

- ਵਿਗਿਆਨ ਅਤੇ ਗਣਿਤ ਵਿਸ਼ਿਆਂ ਲਈ ਮੇਲੇ ਤੋਂ ਪਹਿਲਾਂ ਗਤੀਵਿਧੀਆਂ (ਪ੍ਰੀ-ਫੇਅਰ ਐਕਟੀਵੀਟੀਜ਼) ਕਰਵਾਈਆਂ ਜਾਣਗੀਆਂ।
- ਵਿਗਿਆਨ ਅਤੇ ਗਣਿਤ ਮੇਲਾ ਕਰਵਾਇਆ ਜਾਵੇਗਾ।
- ਅੰਤ ਵਿੱਚ ਵਿਗਿਆਨ, ਗਣਿਤ, ਅੰਗਰੇਜ਼ੀ ਅਤੇ ਸਮਾਜਿਕ ਸਿੱਖਿਆ ਦੇ ਵਿਸ਼ਿਆਂ ਵਿੱਚ ਵਿਦਿਆਰਥੀਆਂ ਦਾ ਗਿਆਨ ਜਾਣਨ ਲਈ ਪੋਸਟ ਲਾਈਨ ਟੈਸਟਿੰਗ ਕਰਵਾਈ ਜਾਵੇਗੀ।

## ਸਤੰਬਰ ਪ੍ਰੀਖਿਆ ਸਬੰਧੀ

- 11 ਸਤੰਬਰ ਤੋਂ ਪ੍ਰੀਖਿਆਵਾਂ ਸ਼ੁਰੂ ਹੋ ਗਈਆਂ ਹਨ, ਸਕੂਲ ਮੁੱਖੀਆਂ ਵੱਲੋਂ ਇਹ ਪ੍ਰੀਖਿਆਵਾਂ ਪੂਰੀ ਸੰਜੀਦਗੀ ਨਾਲ ਨਕਲ ਰਹਿਤ ਲਈਆਂ ਜਾਣ ਅਤੇ ਉੱਤਰ ਪੱਤਰੀਆਂ ਦੇ ਮੁਲਾਂਕਣ ਦਾ ਕੰਮ ਵੀ ਸੁਚਾਰੂ ਢੰਗ ਨਾਲ ਪੂਰਨ ਯੋਜਨਾਂਬੰਦੀ ਤਹਿਤ ਕਰਵਾਇਆ ਜਾਵੇ।
- ਅਧਿਆਪਕਾਂ ਦੀਆਂ ਸਕੂਲ ਪ੍ਰੀਖਿਆਵਾਂ ਵਿੱਚ ਡਿਊਟੀਆਂ ਲਗਾਉਣ ਦੌਰਾਨ ਹਰ ਅਧਿਆਪਕ ਦੀ ਡਿਊਟੀ ਇਕਸਾਰ ਬਿਨਾਂ ਕਿਸੇ ਪੱਖ-ਪਾਤ ਤੋਂ ਲਗਾਈ ਜਾਵੇ।
- ਪ੍ਰੀਖਿਆਵਾਂ ਦੌਰਾਨ ਅਧਿਆਪਕਾਂ ਨੂੰ ਪ੍ਰੀਖਿਆ ਡਿਊਟੀ ਤੋਂ ਬਚਣ ਲਈ 1/3 ਛੁੱਟੀ ਲੈਣ ਵਾਲੇ ਅਧਿਆਪਕਾਂ ਦੀ ਅਜਿਹੀ ਛੁੱਟੀ ਮੰਨਜੂਰ ਨਾ ਕੀਤੀ ਜਾਵੇ।

- ਮਾਪੇ ਅਧਿਆਪਕ ਮਿਲਣੀ ਸਬੰਧੀ ਯੋਜਨਾਂਬੰਦੀ ਇਸ ਤਰੀਕੇ ਨਾਲ ਕੀਤੀ ਜਾਵੇ ਕਿ ਹਰ ਵਿਦਿਆਰਥੀ ਦੇ ਮਾਪੇ ਆਪਣੇ ਬੱਚੇ ਦੇ ਵਿਸ਼ਾ ਅਧਿਆਪਕ ਨੂੰ ਅਸਾਨੀ ਨਾਲ ਮਿਲ ਕੇ ਬੱਚੇ ਦੀ ਪੜ੍ਹਾਈ ਵਿੱਚ ਕਾਰਗੁਜ਼ਾਰੀ ਦੀ ਸੂਚਨਾ ਪ੍ਰਾਪਤ ਕਰ ਸਕਣ।

## ਕਮਜ਼ੋਰ ਵਿਦਿਆਰਥੀਆਂ ਵੱਲ ਵਿਸ਼ੇਸ਼ ਧਿਆਨ

- ਸਤੰਬਰ ਮਹੀਨੇ ਦੀ ਪ੍ਰੀਖਿਆ ਦੇ ਨਤੀਜੇ ਨੂੰ ਵਾਚਣ ਉਪਰੰਤ ਪੜ੍ਹਾਈ ਪੱਖੋਂ ਕਮਜ਼ੋਰ ਵਿਦਿਆਰਥੀਆਂ ਵੱਲ ਵਿਸ਼ੇਸ ਧਿਆਨ ਦਿੱਤਾ ਜਾਵੇ।
- ਸਕੂਲੀ ਵਿਦਿਆਰਥਣਾਂ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਨੂੰ ਪਹਿਲ ਦੇ ਅਧਾਰ ਤੇ ਹੱਲ ਕੀਤਾ ਜਾਵੇ।

- ਸਕੂਲ ਮੁੱਖੀਆਂ ਨੂੰ ਸਿਵਲ ਸਰਵਿਸ ਨਿਯਮ, ਵਿੱਤੀ ਨਿਯਮ, ਛੁੱਟੀਆਂ ਦੇ ਨਿਯਮ ਅਤੇ ਸਕੂਲ ਪ੍ਰਬੰਧ ਸੁਚਾਰੂ ਢੰਗ ਨਾਲ ਚਲਾਉਣ ਸਬੰਧੀ ਜਾਣਕਾਰੀ ਹਾਸਲ ਕੀਤੀ ਜਾਵੇ।

<u>ਸਕੂਲਾਂ ਦੀ ਗ੍ਰੇਡਿੰਗ ਸਬੰਧੀ</u>

- ਸਮੂਹ ਜ਼ਿਲ੍ਹਿਆਂ ਦੇ ਸਰਕਾਰੀ ਸਕੂਲਾਂ ਦੀ ਗ੍ਰੇਡਿੰਗ ਗਰੁੱਪਾਂ ਅਨੁਸਾਰ ਮੁਕਾਬਲੇ ਦੀ ਭਾਵਨਾ ਪੈਦਾ ਕਰਨ ਲਈ ਕੀਤੀ ਜਾਵੇਗੀ। ਗ੍ਰੇਡਿੰਗ ਦੌਰਾਨ ਦੇਖਿਆ ਜਾਵੇਗਾ ਕਿ ਕਿਹੜੇ ਸਕੂਲ ਪੜ੍ਹਾਈ, ਬੁਨਿਆਦੀ ਢਾਂਚਾ, ਵਿਦਿਆਰਥੀਆਂ ਦੀ ਹਾਜ਼ਰੀ, ਸਹਿਅਕਾਦਮਿਕ ਗਤੀਵਿਧੀਆਂ ਆਦਿ ਮਾਪਦੰਡਾਂ ਤਹਿਤ ਵਧੀਆ ਕਾਰਗੁਜ਼ਾਰੀ ਦਿਖਾ ਰਹੇ ਹਨ।
- ਵਿਲੱਖਣ ਕਾਰਗੁਜਾਰੀ ਵਾਲੇ ਸਕੂਲਾਂ ਦੀ ਸੂਚਨਾ ਵਿਭਾਗ ਨਾਲ ਸਾਂਝੀ ਕੀਤੀ ਜਾਵੇ।

## ਸਕੂਲ ਸਿੱਖਿਆ ਸੁਧਾਰ ਟੀਮਾਂ ਦੀ ਵਿਜ਼ਿਟ ਸਬੰਧੀ

- ਸਕੂਲ ਸਿੱਖਿਆ ਸੁਧਾਰ ਟੀਮਾਂ ਦੀ ਵਿਜਿਟ ਸਮੇਂ ਸਕੂਲਾਂ ਵਿੱਚ ਪੜ੍ਹਾਈ ਸਬੰਧੀ ਪਾਈਆਂ ਜਾਂਦੀਆਂ ਊਣਤਾਈਆਂ ਦੂਰ ਕਰਨ ਸਬੰਧੀ।
- ਸਕੂਲ ਸਿੱਖਿਆ ਸੁਧਾਰ ਟੀਮ ਦੇ ਵਿਸ਼ਾ ਮਾਹਿਰ ਅਧਿਆਪਕਾਂ ਦੇ ਪੜ੍ਹਾਉਣ ਦੇ ਢੰਗ ਨੂੰ ਹੋਰ ਰੌਚਕ ਬਣਾਉਣਗੇ।
- ਸਕੂਲ ਮੁੱਖੀ ਸਕੂਲ ਸੁਧਾਰ ਟੀਮ ਵੱਲੋਂ ਧਿਆਨ ਵਿੱਚ ਲਿਆਦੀਆਂ ਗਈਆਂ ਕਮੀਆਂ ਤੁਰੰਤ ਦੂਰ ਕਰਨ ਲਈ ਉਪਰਾਲੇ ਕਰਨਗੇ।
- ਕੰਪਿਊਟਰ ਸਿੱਖਿਆ ਵੱਲ ਵਿਸ਼ੇਸ ਧਿਆਨ ਦਿੱਤਾ ਜਾਵੇ।

## ਈ-ਪੰਜਾਬ ਪੋਰਟਲ ਤੇ ਡਾਟਾ ਅਪਡੇਟ ਕਰਨ ਸਬੰਧੀ

- ਸਿੱਖਿਆ ਵਿਭਾਗ ਦੇ ਪੋਰਟਲ ਈ-ਪੰਜਾਬ ਉੱਤੇ ਵਿਦਿਆਰਥੀਆਂ ਅਤੇ ਸਟਾਫ ਦਾ ਮੁਕੰਮਲ ਡਾਟਾ ਅੱਪਡੇਟ ਕਰਨਾ।
- ਰੈਸ਼ਨੇਲਾਈਜੇਸ਼ਨ ਸਾਲ 2017-18 ਲਈ ਅਧਿਆਪਕਾਂ ਦੀਆਂ ਮੰਨਜੂਰ ਸ਼ੂਦਾ ਅਸਾਮੀਆਂ, ਕੰਮ ਕਰ ਰਹੇ ਅਧਿਆਪਕਾਂ ਦੀ ਜਾਣਕਾਰੀ, ਵਿਦਿਆਰਥੀਆਂ ਦੀ ਜਾਣਕਾਰੀ ਅਤੇ ਵਿਦਿਆਰਥੀਆਂ ਵੱਲੋਂ ਪੜ੍ਹੇ ਜਾਣ ਵਾਲੇ ਵਿਸ਼ਿਆਂ ਨੂੰ ਅੱਪਡੇਟ ਕਰਨ ਸਬੰਧੀ।

- ਸਕੂਲ ਵਿੱਚ ਬਦਲੀ ਹੋਣ ਉਪਰੰਤ ਹਾਜ਼ਰ/ਫਾਰਗ ਹੋਏ ਅਧਿਆਪਕਾਂ/ ਹੋਰ ਕਰਮਚਾਰੀਆਂ ਦਾ ਡਾਟਾ ਤੁਰੰਤ ਈ-ਪੰਜਾਬ ਪੋਰਟਲ ਤੇ ਅੱਪਡੇਟ ਕੀਤਾ ਜਾਵੇ।
- ਨੌਵੀਂ ਜਮਾਤ ਦੇ ਵਿਦਿਆਰਥੀਆਂ ਦਾ ਰਿਕਾਰਡ ਸਿੱਖਿਆ ਵਿਭਾਗ ਦੇ ਪੋਰਟਲ ਤੋਂ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਰਜਿਸਟ੍ਰੇਸ਼ਨ ਪੋਰਟਲ ਉੱਤੇ ਟਰਾਂਸਫਰ ਕਰਨ ਅਤੇ ਆਧਾਰ ਕਾਰਡ ਨਾਲ ਲਿੰਕ ਕਰਨ ਸਬੰਧੀ।
- ਮਿਡ-ਡੇ-ਮੀਲ ਸਬੰਧੀ ਰਿਕਾਰਡ ਤਿਆਰ ਕਰਨ ਹਿੱਤ ਮੋਬਾਇਲ ਐਪਸ ਦੀ ਵਰਤੋਂ ਦੋਰਾਨ ਆ ਰਹੀਆਂ ਮੁਸਕਿਲਾਂ ਨੂੰ ਐਪ ਦੇ ਰਵਿਊ ਕਾਲਮ ਵਿੱਚ ਦਰਜ ਕੀਤਾ ਜਾਵੇ।

ਸਕੂਲ ਪ੍ਰਬੰਧ ਨੂੰ ਬਿਹਤਰ ਬਣਾਉਣ ਸਬੰਧੀ ਹਦਾਇਤਾਂ:

- ਹਾਜ਼ਰੀ ਰਜਿਸਟਰ ਵਿੱਚ ਸਕੂਲ ਮੁੱਖੀ ਵੱਲੋਂ ਬਾਕੀ ਸਟਾਫ਼ ਵਾਂਗ ਹਾਜ਼ਰੀ ਲਗਾਉਣ ਸਬੰਧੀ
- ਵਿੱਦਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਉਪਰਾਲੇ ਕੀਤੇ ਜਾਣ ਅਤੇ ਸਕੂਲ ਮੁੱਖੀ ਵੱਲੋ ਹਰ ਰੋਜ ਜਮਾਤਾਂ ਦੀ ਰੈਡਿੰਮ ਚੈਕਿੰਗ ਕੀਤੀ ਜਾਵੇ।
- ਅੰਗਰੇਜ਼ੀ ਵਿਸ਼ੇ ਦੀ ਵੋਕੈਬਲਰੀ ਵਧਾਉਣ ਲਈ 6ਵੀਂ ਤੋਂ 8ਵੀਂ ਦੇ ਵਿਦਿਆਰਥੀਆਂ ਨੂੰ 50 ਸਬਦ, 9ਵੀਂ ਅਤੇ 10ਵੀਂ ਜਮਾਤ ਦੀ ਵਿਦਿਆਰਥੀਆਂ ਨੂੰ ਪ੍ਰਤੀ ਮਹੀਨਾ ਸਿਖਾਉਣੇ ਯਕੀਨੀ ਬਣਾਏ ਜਾਣ।

- 6ਵੀਂ ਜਮਾਤ ਦੇ ਵਿਦਿਆਰਥੀਆਂ ਲਈ 1 ਤੋਂ 20 ਤੱਕ ਦੇ ਪਹਾੜੇ ਯਾਦ ਕਰਵਾਉਣੇ ਯਕੀਨੀ ਬਣਾਏ ਜਾਣ।
- ਵਿਦਿਆਰਥੀਆਂ ਦੀ ਸੁੰਦਰ ਲਿਖਾਈ ਵੱਲ ਧਿਆਨ ਦਿੱਤਾ ਜਾਵੇ।
- ਅਧਿਆਪਕਾਂ ਨਾਲ ਸਬੰਧਤ ਮਸਲੇ ਤੁਰੰਤ ਹੱਲ ਕਰਨ ਸਬੰਧੀ।
- ਹਫਤੇ ਵਿੱਚ ਇੱਕ ਵਾਰ ਸਕੂਲ ਅਧਿਆਪਕਾਂ ਨਾਲ ਪੜ੍ਹਾਈ ਦੇ ਪੱਧਰ ਨੂੰ ਉੱਚਾ ਚੁੱਕਣ ਬਾਰੇ ਮੀਟਿੰਗ ਕੀਤੀ ਜਾਵੇ।
- ਦਫ਼ਤਰੀ ਕੰਮ ਕਲਰਕਾਂ ਦੁਆਰਾ ਕਰਵਾਉਣ ਬਾਰੇ।

- ਸਕੂਲ ਦੀ ਸਾਰੀ ਬੇਸਿਕ ਜਾਣਕਾਰੀ ਈ ਫਾਰਮ ਵਿੱਚ ਹੋਵੇ ਅਤੇ ਇਸ ਨੂੰ ਵਿਭਾਗ ਦੀ ਈ-ਪੰਜਾਬ ਪੋਰਟਲ ਤੇ ਅਪਡੇਟ ਕਰਨਾ ਯਕੀਨੀ ਬਣਾਇਆ ਜਾਵੇਗਾ
- ਅਧਿਆਪਕ ਨੂੰ ਲੱਗੇ ਪੀਰੀਅਡ ਦੌਰਾਨ ਕਿਸੇ ਵੀ ਕੰਮ ਲਈ ਜਮਾਤ ਵਿਚੋਂ ਨਾ ਬੁਲਾਇਆ ਜਾਵੇ।
- ਬਲੈਕ ਬੋਰਡ ਅਤੇ ਟੀ.ਐਲ.ਐਮ. ਦੀ ਵਰਤੋਂ ਯਕੀਨੀ ਬਣਾਈ ਜਾਵੇ।
- ਹੈਲਪ ਬੁੱਕ ਦੀ ਵਰਤੋਂ ਦੀ ਪੂਰਨ ਪਾਬੰਦੀ ਲਗਾਈ ਜਾਵੇ।

- ਕੈਸ਼ ਬੁੱਕ/ਸਰਵਿਸ ਬੁੱਕ/ਫੰਡ ਅਤੇ ਹੋਰ ਰਜਿ਼ਸਟਰ ਪੂਰੇ ਕਰਨ ਸਬੰਧੀ।
- ਏ.ਸੀ.ਪੀ/ਏ.ਸੀ.ਆਰ./ਕੰਨਫਰਮੇਸ਼ਨ/ਪਰਖ ਕਾਲ ਸਮਾਂ ਆਦਿ ਕੇਸਾਂ ਦੇ ਨਿਪਟਾਰੇ ਸਬੰਧੀ।
- ਜੀ.ਪੀ.ਐਫ, ਜੀ.ਆਈ.ਐਸ, ਪੈਨਸ਼ਨਰੀ ਲਾਭ ਆਦਿ ਦਾ ਰਿਕਾਰਡ ਸਮੇਂ ਸਿਰ ਮੁਕੰਮਲ ਕੀਤਾ ਜਾਵੇ।
- ਆਡਿਟ ਪੈਰ੍ਹਿਆਂ ਦਾ ਪਹਿਲ ਦਾ ਅਧਾਰ ਤੇ ਜੁਆਬ ਦੇ ਕੇ ਸੈਟਲ ਕਰਵਾਇਆ ਜਾਵੇ।

- ਅਧਿਆਪਕ ਦੀ ਬਦਲੀ ਹੋਣ ਤੇ ਉਸ ਦੀ ਸੇਵਾ ਰਿਕਾਰਡ ਤੁਰੰਤ ਸਬੰਧਤ ਸਕੂਲ ਵਿੱਚ ਭੇਜਣ ਬਾਰੇ।
- ਵਿਦਿਆਰਥੀਆਂ ਨੂੰ ਸਕੂਲ ਲਿਵਿੰਗ ਸਰਟੀਫਿਕੇਟ ਜਾਰੀ ਕਰਨ ਬਾਰੇ।
- ਅਧਿਆਪਕਾਂ ਨੂੰ ਕਿਸੇ ਹਾਲਤ ਵਿੱਚ ਸਕੂਲ ਦੇ ਕੰਮ ਤੋਂ ਇਲਾਵਾ ਆਨ ਡਿਊਟੀ ਨਾ ਭੇਜਿਆ ਜਾਵੇ।
- ਸਕੂਲ ਦੀ ਸਾਫ ਸਫਾਈ ਅਤੇ ਅਨੁਸ਼ਾਸਨ ਸਬੰਧੀ।
- ਸਕੂਲਾਂ ਵਿੱਚ ਬਿਜਲੀ ਦੀ ਫਜ਼ੂਲ ਖਪਤ ਬਾਰੇ।

- ਮਿਡ–ਡੇ–ਮੀਲ ਰਜਿਸਟਰ ਕਮ ਕੈਸ਼ ਬੁੱਕ ਨੂੰ ਮੇਨਟੇਨ ਕਰਨ ਬਾਰੇ।
- ਮਿਡ–ਡੇ–ਮੀਲ ਦਾ ਖਾਤਾ ਖੁਲਵਾਉਣ ਬਾਰੇ।
- ਮਿਡ–ਡੇ–ਮੀਲ ਵਰਤਾਉਣ ਦੇ ਪ੍ਰਬੰਧ ਦੀ ਨਿਗਰਾਨੀ ਲਈ ਡਿਊਟੀ ਪਹਿਲ ਦੇ ਅਧਾਰ ਤੇ ਪੀ.ਟੀ.ਆਈ, ਡੀ.ਪੀ.ਈ., ਡਰਾਇੰਗ ਟੀਚਰ, ਸਲਾਈ ਟੀਚਰ, ਐਸ.ਐਲ.ਏ ਆਦਿ ਦੀ ਲਗਾਈ ਜਾਵੇ।
- ਮਿਡ–ਡੇ–ਮੀਲ ਦੇ ਅਨਾਜ/ਸਮਾਨ ਦੀ ਸਾਂਭ–ਸੰਭਾਲ ਸਬੰਧੀ।
- ਸਿਹਤ ਵਿਭਾਗ ਵੱਲੋਂ ਵਿਦਿਆਰਥੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਦਵਾਈਆਂ ਸਬੰਧੀ।

- ਸਕੂਲ ਦੇ 1/4 ਤੋਂ ਜ਼ਿਆਦਾ ਸਟਾਫ ਦੀ ਛੁੱਟੀ ਮੰਨਜੂਰ ਨਾ ਕੀਤੀ ਜਾਵੇ। ਸਕੂਲ ਸਟਾਫ ਦੁਆਰਾ ਲਈਆਂ ਜਾਣ ਵਾਲੀਆਂ ਛੁੱਟੀਆਂ ਨੂੰ ਰਜਿਸਟਰ ਵਿੱਚ ਦਰਜ ਕਰਨ ਬਾਰੇ।
- ਸਕੂਲ ਮੁੱਖੀ ਵੱਲੋਂ ਸਕੂਲ ਸਮੇਂ ਦੌਰਾਨ ਆਪਣੇ ਪੱਧਰ ਤੇ ਪੜ੍ਹਾਈ ਤੋਂ ਇਲਾਵਾ ਕਿਸੇ ਤਰ੍ਹਾਂ ਦੀਆਂ ਕੋਈ ਗਤੀਵਿਧੀਆਂ ਨਾ ਕਰਵਾਈਆਂ ਜਾਣ ਅਜਿਹੀਆਂ ਗਤੀਵਿਧੀਆਂ ਕਰਵਾਉਣ ਲਈ ਮੁੱਖ ਦਫ਼ਤਰ ਤੋਂ ਪ੍ਰਵਾਨਗੀ ਲੈਣੀ ਜਰੂਰੀ ਹੈ।
- ਅਧਿਆਪਕਾਂ ਦੁਆਰਾ ਜਮਾਤ ਵਿੱਚ ਮੁਬਾਇਲ ਫੋਨ ਦੀ ਵਰਤੋਂ ਤੇ ਸਖਤ ਪਾਬੰਦੀ ਲਗਾਈ ਜਾਵੇ।

- ਸਕੂਲ ਵਿੱਚ ਵੱਖ-ਵੱਖ ਹਾਜ਼ਰੀ ਰਜਿਸਟਰ ਨਾ ਲਗਾਉਣ ਬਾਰੇ।
- ਵਿਭਾਗ ਦੀ ਵੈਬਸਾਈਟ ਤੋਂ ਹਰ ਰੋਜ਼ ਪੱਤਰ ਡਾਉਨ ਲੋਡ ਕਰਨੇ ਅਤੇ ਇਨ੍ਹਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ ਅਤੇ ਈ ਫਾਰਮ ਵਿੱਚ ਇਸ ਦਾ ਮੁਕੰਮਲ ਰਿਕਾਰਡ ਰੱਖਿਆ ਜਾਵੇ
- ਸਕੂਲ ਮੁੱਖੀ ਆਪਣੇ ਅਧੀਨ ਆਉਂਦੇ ਮਿਡਲ ਸਕੂਲਾਂ ਵਿੱਚ ਜਿਥੇ ਕੰਪਿਊਟਰ ਅਧਿਆਪਕ ਦੀ ਡਿਊਟੀ ਲਗਾਈ ਗਈ ਹੈ, ਭੇਜਣਾ ਯਕੀਨੀ ਬਣਾਉਣ।
- ਮਿਡਲ/ਹਾਈ/ਸਸਸ ਸਕੂਲਾਂ ਵਿੱਚੋਂ ਇੱਕ-ਇੱਕ ਸੋਹਣਾ ਸਕੂਲ ਚੋਣ ਕੀਤਾ ਜਾਵੇਗਾ ਅਤੇ ਸਕੂਲ ਨੂੰ ਸਨਮਾਨਿਤ ਕੀਤਾ ਜਾਵੇਗਾ

- ਆਧਾਰ ਇਨਰੋਲਮੈਂਟ 100% ਮੁਕੰਮਲ ਕਰਨ।
- ਸਕਾਲਰਸ਼ਿਪ ਸਕੀਮ ਅਧੀਨ ਵਿਦਿਆਰਥੀਆਂ ਦੇ ਬੈਂਕ ਖਾਤਿਆਂ ਦੀ ਆਧਾਰ ਸੀਡਿੰਗ।
- ਈ-ਪੰਜਾਬ ਪੋਰਟਲ ਤੇ approving process speed-up ਕਰਨ ਸਬੰਧੀ। (ਆਖਰੀ ਮਿਤੀ 14-09-2017)
- ਨੈਸ਼ਨਲ ਸਕਾਲਰਸ਼ਿਪ ਪੋਰਟਲ ਤੇ NSIGSE, Minority Scholarship Schemes and NMMS ਤੇ applying process speed-up ਕਰਨ। (Last date for applying 30-09-2017 and 31-10-2017 resp.)
- Follow-up of the students who got 80% & above marks in 10th class from PSEB in Government Schools, so that they can be easily traced to give scholarship under Dr. Hargobind Khurana Scholarship Schemes.

- ਆਧਾਰ ਇਨਰੋਲਮੈਂਟ 100% ਮੁਕੰਮਲ ਕਰਨ ਲਈ ਸਕੂਲਾਂ ਵੱਲੋਂ ਰਹਿੰਦੇ ਵਿਦਿਆਰਥੀ ਜਿਨ੍ਹਾਂ ਦੇ ਆਧਾਰ ਨਹੀਂ ਬਣੇ, ਲਈ ਵਿਸ਼ੇਸ਼ ਉਪਰਾਲੇ ਕਰਨ ਅਤੇ ਜਿਲ੍ਹਾ ਪੱਧਰ ਤੇ ਸ਼ਡਿਊਲ ਤਿਆਰ ਕਰਨ ਸਬੰਧੀ।
- ਸਕਾਲਰਸ਼ਿਪ ਦੇ ਵਿਦਿਆਰਥੀ ਜਿਨ੍ਹਾਂ ਨੇ ਕਿਸੇ ਵੀ ਸਕੀਮ ਵਿੱਚ ਅਪਲਾਈ ਕੀਤਾ ਹੈ, ਦੇ ਬੈਂਕ ਖਾਤੇ ਅਤੇ ਆਧਾਰ ਦੀ ਸੀਡਿੰਗ ਕਰਵਾਉਣ ਲਈ ਸਕੂਲ ਵੱਲੋਂ ਸਾਂਝੇ ਤੌਰ ਤੇ ਬੈਂਕ ਵਾਈਜ਼ ਲਿਸਟ ਬਣਾ ਕੇ ਵਿਦਿਆਰਥੀਆਂ ਦੇ consent form ਸਮੇਤ ਬੈਂਕ ਨੂੰ ਭੇਜਣ ਸਬੰਧੀ।
- ਈ-ਪੰਜਾਬ ਪੋਰਟਲ ਤੇ ਸਕੂਲ ਪੱਧਰ ਅਤੇ ਜਿਲ੍ਹਾ ਪੱਧਰ ਤੇ ਡਾਟਾ ਅਪਰੂਵ ਕਰਨ ਸਬੰਧੀ। ਆਖਰੀ ਮਿਤੀ 14-09-2017।

- ਨੈਸ਼ਨਲ ਸਕਾਲਰਸ਼ਿਪ ਪੋਰਟਲ (NSP) ਤੇ NMMS and NSIGSE **ਸਕੀਮਾਂ ਅਧੀਨ ਅਪਲਾਈ ਕਰਨ ਸਬੰਧੀ।** NSIGSE ਆਖਰੀ ਮਿਤੀ 30-09-2017
- NMMS ਆਖਰੀ ਮਿਤੀ 31-10-2017
- Pre Matric and Post Matric Minority Scholarship ਸਕੀਮਾਂ ਅਧੀਨ ਨੈਸ਼ਨਲ ਸਕਾਲਰਸ਼ਿਪ ਪੋਰਟਲ (NSP) ਤੇ ਅਪਲਾਈ ਕਰਨ ਸਬੰਧੀ Process of applying on NSP presentation, instructions, FAQ, Helpline No./Contact No. of Minority wing, Welfare Department is available on ssapunjab.org under the link scholarship.

- ਡਾ. ਹਰਗੋਬਿੰਦ ਖੁਰਾਨਾ ਸਕਾਲਰਸ਼ਿਪ ਸਕੀਮ ਅਧੀਨ ਯੋਗ ਵਿਦਿਆਰਥੀਆਂ ਦੇ ਵੇਰਵੇ ਇਕੱਤਰ ਕਰਨ ਲਈ, ਸਕੂਲ ਪੱਧਰ ਤੇ ਦਸਵੀਂ ਜਮਾਤ ਵਿੱਚ 80% ਜਾਂ ਇਸ ਤੋਂ ਵੱਧ ਅੰਕ ਲੈਣ ਵਾਲੇ ਵਿਦਿਆਰਥੀਆਂ ਦਾ follow-up ਰੱਖਿਆ ਜਾਵੇ, ਕਿਉਂਕਿ ਪਿਛਲੇ ਵਿਦਿਅਕ ਸੈਸ਼ਨ ਦੌਰਾਨ ਕੁਝ ਯੋਗ ਵਿਦਿਆਰਥੀਆਂ ਨੂੰ ਸਕੂਲ ਪੱਧਰ/ਜਿਲ੍ਹਾ ਪੱਧਰ ਤੇ trace ਨਹੀਂ ਕੀਤਾ ਜਾ ਸਕਿਆ ਅਤੇ ਇਨ੍ਹਾਂ ਵਿਦਿਆਰਥੀਆਂ ਵੱਲੋਂ ਮੈਰੀਟੋਰੀਅਸ ਸਕੂਲਾਂ ਵਿੱਚ ਵੀ ਦਾਖਲਾ ਨਹੀਂ ਲਿਆ ਗਿਆ।

# ਵਿੱਤੀ  ਮਾਮਲਿਆਂ ਸਬੰਧੀ ਨੁਕਤੇ

- ਏ.ਸੀ.ਪੀ, ਪਰਖ ਕਾਲ ਸਮਾਂ ਅਤੇ ਕੰਨਫਰਮੇਸ਼ਨ  ਸਬੰਧੀ ਜਾਰੀ ਕੀਤੇ ਗਏ ਹੁਕਮਾਂ ਦੀ ਐਟਰੀ ਸਬੰਧਤ ਕਰਮਚਾਰੀਆਂ ਦੀ ਸੇਵਾ ਪੱਤਰੀ ਵਿੱਚ ਕਰਨੀ ਯਕੀਨੀ ਬਣਾਈ ਜਾਵੇ।
- ਕਰਮਚਾਰੀਆਂ ਦੇ ਜੀ.ਪੀ.ਐਫ ਖਾਤੇ ਵਿੱਚੋ ਰਿਫੰਡਏਬਲ ਅਡਵਾਂਸ ਸਕੂਲ ਦੇ ਮੁੱਖੀ ਵੱਲੋ ਮਨੰਜੂਰ ਕੀਤਾ ਜਾਵੇਗਾ ਅਤੇ ਨਾਨ-ਰਿਫੰਡਏਬਲ ਅਡਵਾਂਸ ਸਬੰਧਤ ਡੀ.ਈ.ੳ ਵੱਲੋ ਮੰਨਜੂਰ ਕੀਤਾ ਜਾਵੇਗਾ।
- ਉਚੇਰੀ ਸਿੱਖਆ ਦੀ ਪ੍ਰਵਾਨਗੀ ਸਬੰਧਤ ਸਕੂਲ ਮੁੱਖੀ ਵੱਲੋ ਦਿੱਤੀ ਜਾਵੇਗੀ ਅਤੇ ਇਹ ਪ੍ਰਵਾਨਗੀ ਪੂਰੇ ਕੋਰਸ ਲਈ ਇੱਕ ਵਾਰ ਦਿੱਤੀ ਜਾਵੇਗੀ। ਸਾਲ ਵਾਇਜ ਪ੍ਰਵਾਨਗੀ ਦੇਣ ਦੀ ਪ੍ਰਥਾ ਬੰਦ ਕੀਤੀ ਜਾਂਦੀ ਹੈ।

- ਕਰਮਚਾਰੀਆਂ ਦੀ ਏ.ਸੀ.ਆਰ ਰਿਪੋਰਟਾ ਸਮੇਂ ਸਿਰ ਮੁੱਕਮਲ ਕਰਾਉਣ ਦੀ ਜੁੰਮੇਵਾਰੀ ਡੀ.ਡੀ.ਓ ਦੀ ਹੋਵੇਗੀ ਅਤੇ ਏ.ਸੀ.ਆਰ ਸਮੇਂ ਸਿਰ ਮੁਕੰਮਲ ਕਰਵਾ ਕੇ ਕਾਪੀ ਸਬੰਧਤ ਕਰਮਚਾਰੀ ਨੂੰ ਦਿਤੀ ਜਾਵੇਗੀ।

- ਸਿੱਖਿਆ ਵਿਭਾਗ ਵਿੱਚ ਨਵੇਂ ਭਰਤੀ ਕੀਤੇ ਗਏ ਦਰਜਾ 4 ਕਰਮਚਾਰੀਆਂ ਨੂੰ ਉਹਨਾਂ ਦੇ ਪਰਖ ਕਾਲ ਸਮੇਂ ਦੋਰਾਨ ਵਿੱਤ ਵਿਭਾਗ ਦੀਆਂ ਹਦਾਇਤਾਂ ਮੁਤਾਬਕ ਡੀ.ਸੀ/ਲੇਬਰ ਰੇਟਾਂ ਦੇ ਬਰਾਬਰ ਤਨਖਾਹ ਦਿੱਤੀ ਜਾਵੇਗੀ ਜੇਕਰ ਇਹ ਤਨਖਾਹ ਡੀ.ਸੀ ਰੇਟਾਂ ਤੋ ਘੱਟ ਹੋਵੇ।

- ਪੰਜਾਬ ਸਰਕਾਰ ਪ੍ਰਸੋਨਲ ਵਿਭਾਗ ਵੱਲੋ ਮਿਤੀ 31-8-2017 ਅਨੁਸਾਰ ਜਿਨਾਂ ਅਸਾਮੀਆਂ ਨੂੰ ਭਰਨ ਦੀ ਪ੍ਰੀਕਿਰਿਆ ਮਿਤੀ 5-9-2016 ਤੋ ਪਹਿਲਾਂ ਸੁਰੂ ਹੋ ਚੁੱਕੀ ਹੈ ਦਾ ਪਰਖ ਕਾਲ ਸਮਾਂ 3 ਸਾਲ ਦੀ ਜਗਾ 2 ਸਾਲ ਹੀ ਰਖੱਣ ਦੇ ਹੁਕਮ ਜਾਰੀ ਕੀਤੇ ਗਏ ਹਨ।
- ਸਵੈਇੱਛਕ ਰਿਟਾਇਰਮੈਂਟ ਲੈਣ ਲਈ ਕਰਮਚਾਰੀ ਵੱਲੋ ਤਿੰਨ ਮਹੀਨੇ ਦਾ ਨੋਟਿਸ ਦਿੱਤਾ ਜਾਂਦਾ ਹੈ ਸਬੰਧਤ ਡੀ.ਡੀ.ਓ ਇਹ ਯਕੀਨੀ ਬਣਾਏਗਾ ਕਿ ਸਵੈਇੱਛਕ ਰਿਟਾਇਰਮੈਂਟ ਦੇਣ ਜਾ ਨਾ ਦੇਣ ਸਬੰਧੀ ਹੁਕਮ ਤਿੰਨ ਮਹੀਨੇ ਵਿੱਚ ਜਾਰੀ ਹੋ ਚੁੱਕੇ ਹਨ।
- ਸਕੂਲਾਂ ਵਿੱਚ ਭਰਤੀ ਹੋਏ ਕਲਰਕ ਦੀ ਅਸਾਮੀ ਤੇ ਕਰਮਚਾਰੀਆਂ ਦਾ ਟਾਈਪ ਟੈਸਟ ਹਰ ਤਿੰਨ ਮਹੀਨੇ ਬਾਅਦ ਅਗਲੇ ਮਹੀਨੇ ਦੇ ਦੂਸਰੇ ਸ਼ਨੀਵਾਰ ਸਬੰਧਤ ਡੀ.ਈ.ਓ ਦਫਤਰ ਵੱਲੋ ਲਿਆ ਜਾਵੇਗਾ।

# ਪੰਜਾਬ ਸਕੂਲ ਸਿੱਖਿਆ ਬੋਰਡ

1. ਸਾਲ 2016-17 ਵਿੱਚ ਨੌਵੀਂ ਅਤੇ ਗਿਆਰਵੀਂ ਵਿੱਚ ਦੂਜੇ ਰਾਜ/ਬੋਰਡਾਂ ਤੋਂ ਆਏ ਪ੍ਰੀਖਿਆਰਥੀ ਨੇ ਸਕੂਲਾਂ ਵਿੱਚ ਦਾਖਲੇ/ਰਜਿਸਟਰੇਸ਼ਨ ਦੇ ਦਸਤਾਵੇਜ ਜਮ੍ਹਾਂ ਨਹੀਂ ਕਰਵਾਏ ਦਸਤਾਵੇਜ ਕੰਪਲੀਟ ਕਰਵਾਉਣ ਤੇ ਹੀ ਪ੍ਰੀਖਿਆ ਫਾਰਮ ਜਾਰੀ ਕੀਤੇ ਜਾਣਗੇ। ਸੋ ਸਕੂਲ ਮੁੱਖੀ ਜਲਦ ਤੋਂ ਜਲਦ ਅਜਿਹੇ ਪ੍ਰੀਖਿਆਰਥੀਆਂ ਦੇ ਦਸਤਾਵੇਜ ਜਮ੍ਹਾਂ ਕਰਵਾਉਣ ਦੀ ਖੇਚਲ ਕਰਨ ਤਾਂ ਜੋ ਪ੍ਰੀਖਿਆ ਫਾਰਮ ਰਜਿਸਟਰੇਸ਼ਨ ਨੰਬਰ ਜਾਰੀ ਹੋਣ ਉਪਰੰਤ ਸ਼ਡਿਊਲ ਮੁਤਾਬਿਕ ਜਾਰੀ ਕੀਤੇ ਜਾ ਸਕਣ।

2. ਪੰਜਾਬ ਸਕੂਲ ਸਿੱਖਿਆ ਬੋਰਡ ਦੇ ਰਜਿਸਟਰੇਸ਼ਨ ਪੋਰਟਲ ਨੂੰ ਈ.ਪੰਜਾਬ ਦੇ ਪੋਰਟਲ ਨਾਲ ਜੋੜਿਆ ਗਿਆ ਹੈ ਤਾਂ ਜੋ ਸਕੂਲਾਂ ਨੂੰ ਬਾਰ-2 ਇੱਕੋ ਤਰ੍ਹਾਂ ਦੀ ਐਂਟਰੀ ਦੋ ਪੋਰਟਲ ਤੇ ਨਾ ਕਰਨੀ ਪਵੇ। ਇਸ ਸਾਲ ਤੋਂ ਸਕੂਲਾਂ ਨੂੰ ਰਜਿਸਟਰੇਸ਼ਨ ਦੀ ਫਾਈਨਲ ਹਾਰਡ ਕਾਪੀ ਵੀ ਡਿਪੂਆਂ ਵਿੱਚ ਜਮ੍ਹਾਂ ਕਰਵਾਉਣ ਦੀ ਜਰੂਰਤ ਨਹੀਂ। ਆਨ ਲਾਈਨ ਸਕੂਲਾਂ ਵੱਲੋਂ ਫਾਈਨਲ ਸਬਮਿਟ ਕੀਤਾ ਡਾਟਾ ਹੀ ਫਾਈਨਲ ਮੰਨਿਆ ਜਾਵੇਗਾ।

3. **ਰਜਿਸਟਰੇਸ਼ਨ/ ਕੰਟੀਨਿਊਸ਼ਨ ਫੀਸ ਸੀ.ਬੀ.ਐਸ.ਈ. ਬੋਰਡ ਦੀ ਤਰ੍ਹਾਂ ਕੇਵਲ** 150/-**ਰੁਪਏ ਸਾਲ** 2018-19 **ਤੋਂ ਲਾਗੂ ਹੋਵੇਗੀ।**

4. **ਸਕੂਲ ਤੋਂ ਸਕੂਲ ਮਾਈਗਰੇਸ਼ਨ ਕੇਵਲ ਵਿਸ਼ੇਸ਼ ਹਾਲਾਤਾਂ ਵਿੱਚ ਹੀ ਕੀਤੀ ਜਾਵੇਗੀ** (**ਜਿਵੇਂ ਮਾਤਾ/ਪਿਤਾ ਦਾ ਟਰਾਂਸਫਰ ਜਾਂ ਮੈਡੀਕਲ ਗਰਾਊਂਡ**)

5. **ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਦੀਆਂ ਪ੍ਰੀਖਿਆ ਦੇ ਫਾਰਮ** 18-9-2017 **ਤੋਂ ਆਨਲਾਈਨ ਭਰੇ ਜਾ ਸਕਣਗੇ। ਜਾਰੀ ਕੀਤੇ ਸ਼ਡਿਊਲ ਮੁਤਾਬਿਕ ਸਕੂਲ ਮੁੱਖੀ ਦਾਖਲਾ ਫਾਰਮ ਭਰਨਾ ਯਕੀਨੀ ਬਣਾਉਣ।**

6 ਡੁਪਲੀਕੇਟ ਜਾਂ ਸਰਟੀਫਿਕੇਟ ਵਿੱਚ ਵੇਰਵਿਆਂ ਵਿੱਚ ਸੋਧ ਲਈ ਜਿਲ੍ਹਾ ਪੱਧਰ ਤੇ ਹੀ ਬੋਰਡ ਦੇ ਖੇਤਰ ਦਫਤਰ ਵਿੱਚ ਬਿਨੈਪੱਤਰ ਨਿਰਧਾਰਤ ਫੀਸ ਸਮੇਤ ਜਮ੍ਹਾਂ ਕੀਤਾ ਜਾਵੇਗਾ। ਜਿਸ ਦੀ ਸਾਰੀ ਜਾਣਕਾਰੀ ਬਿਨੈਕਾਰ ਉਸ ਨੂੰ ਅਲਾਟ ਕੀਤੇ ਡਾਇਰੀ ਨੰਬਰ ਤੇ ਦੇਖ ਸਕਦਾ ਹੈ।

7. ਸਾਲ 2018-19 ਤੋਂ ਦਸਵੀਂ ਅਤੇ ਬਾਰ੍ਹਵੀਂ ਦੇ ਬੋਰਡ ਵੱਲੋਂ ਡਿਜ਼ੀਟਲ ਸਰਟੀਫਿਕੇਟ ਜੋ ਕੇਵਲ ਤੇ ਕੇਵਲ ਆਧਾਰ ਕਾਰਡ ਨਾਲ ਲਿੰਕਡ ਹੋਣਗੇ, ਜਾਰੀ ਕੀਤੇ ਜਾਣਗੇ। ਸੋ ਸਕੂਲ ਮੁੱਖੀ ਪ੍ਰੀਖਿਆਰਥੀ ਦਾ ਸਹੀ ਆਧਾਰ ਕਾਰਡ ਨੰਬਰ ਪ੍ਰੀਖਿਆ ਫਾਰਮ ਵਿੱਚ ਦਰਜ ਕਰਨਾ ਯਕੀਨੀ ਬਣਾਉਣ।

8. ਮਾਰਚ 2018 ਦੀਆਂ ਪ੍ਰੀਖਿਆਵਾਂ ਦੌਰਾਨ ਪੰਜਾਬ ਰਾਜ ਦੇ ਸੰਵੇਦਨਸ਼ੀਲ ਪ੍ਰੀਖਿਆ ਕੇਂਦਰਾਂ ਵਿੱਚ CCTV ਕੈਮਰੇ ਲਗਾਏ ਜਾਣਗੇ।

9. ਪ੍ਰੀਖਿਆਵਾਂ ਦੌਰਾਨ ਓਬਜਰਵਰਜ਼ ਦੀ ਡਿਊਟੀ ਜ਼ਿਲ੍ਹਾ ਬਦਲ ਕੇ ਲਗਾਈ ਜਾਵੇਗੀ।

10. ਪ੍ਰਯੋਗੀ ਪ੍ਰੀਖਿਆ ਦੇ ਸੰਚਾਲਨ ਸਬੰਧੀ ਪ੍ਰਯੋਗੀ ਪ੍ਰੀਖਿਅਕਾਂ ਦੀ ਡਿਊਟੀ ਜ਼ਿਲ੍ਹਾ ਬਦਲ ਕੇ ਲਗਾਈ ਜਾਵੇਗੀ।

11. ਮਾਰਚ 2018 ਤੋਂ ਮੁੜ-ਮੁਲਾਂਕਣ ਸ਼ੁਰੂ ਕੀਤਾ ਜਾਵੇਗਾ। ਜੇਕਰ ਮੁੜ-ਮੁਲਾਂਕਣ ਉਪਰੰਤ ਨਤੀਜੇ ਵਿੱਚ 25% ਅੰਕਾਂ ਦੀ ਤਬਦੀਲੀ ਆਉਂਦੀ ਹੈ ਤਾਂ ਜਿਸ ਅਧਿਆਪਕ ਦੁਆਰਾ ਪਹਿਲਾਂ ਮੁਲਾਂਕਣ ਕੀਤਾ ਗਿਆ ਸੀ ਉਸ ਤੇ ਵਿਭਾਗੀ ਕਾਰਵਾਈ ਹੋਵੇਗੀ।

13. ਸਬੰਧਤ ਅਧਿਐਨ ਕੇਂਦਰ, ਓਪਨ ਸਕੂਲ ਪ੍ਰਣਾਲੀ ਅਧੀਨ ਪੜ੍ਹਨ ਵਾਲੇ ਵਿਦਿਆਰਥੀਆਂ ਨਾਲ ਆਪਣਾ ਰਾਬਤਾ ਯਕੀਨੀ ਬਨਾਉਣ।

14. ਓਪਨ ਸਕੂਲ ਪ੍ਰਣਾਲੀ ਅਧੀਨ 18 ਦਿਨਾਂ ਦੀ ਪੀ.ਸੀ.ਪੀ. ਦਸਬੰਰ ਮਹੀਨੇ ਤੱਕ ਅਤੇ 12 ਦਿਨਾਂ ਦੀ ਪੀ.ਸੀ.ਪੀ. ਜਨਵਰੀ ਅਤੇ ਫਰਵਰੀ ਮਹੀਨਿਆਂ ਵਿੱਚ ਲਗਾਉਣਾ ਯਕੀਨੀ ਬਣਾਇਆ ਜਾਵੇ ਇਸ ਦੀ ਰਿਪੋਰਟ ਡਿਪਟੀ ਡਾਇਰੈਕਟਰ,ਓਪਨ ਸਕੂਲ, ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਭੇਜੀ ਜਾਵੇ।